ਨੰ:1/10/2016-1ਵਿ.ਬ.1/76

**ਪੰਜਾਬ ਸਰਕਾਰ**
**ਵਿੱਤ ਵਿਭਾਗ**
**(ਵਿੱਤ ਬਜਟ-1-ਸ਼ਾਖਾ)**

ਮਿਤੀ, ਚੰਡੀਗੜ੍ਹ 25/1/1

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਿਪਟੀ ਕਮਿਸ਼ਨਰ ਅਤੇ ਜਿਲ੍ਹਾਂ ਸੈਸ਼ਨ ਜੱਜ,
ਸਮੂਹ ਉੱਪ ਮੰਡਲ ਅਫਸਰ(ਸਿਵਲ)।

**ਵਿਸ਼ਾਂ:-** **ਪੰਜਾਬ ਸਰਕਾਰ ਦੇ ਵੱਖ ਵੱਖ ਦਫਤਰਾਂ ਨੂੰ ਆਪਣੇ ਆਪਣੇ ਭਵਨਾਂ/ਸਰਕਾਰੀ ਬਿਲਡਿੰਗਾਂ ਵਿੱਚ ਸਿਫਟ ਕਰਨ ਬਾਰੇ।**

*****

ਸ੍ਰੀਮਾਨ/ਸ੍ਰੀਮਤੀ ਜੀ,

ਕਿਰਪਾ ਕਰਕੇ ਉਪਰੋਕਤ ਵਿਸ਼ੇ ਤੇ ਵਿੱਤ ਵਿਭਾਗ ਦੇ ਪੱਤਰ ਨੰ 1/10/2016-1ਵਿ.ਬ.1/2004 ਮਿਤੀ 13/7/2017 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜਿਸ ਦੇ ਪੈਰ੍ਹਾਂ ਨੰ 3 ਵਿੱਚ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਗਿਆ ਸੀ:-

**"ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਮਿਤੀ 30-6-2017 ਤੋਂ ਬਾਅਦ ਸਬੰਧਤ ਡਰਾਇੰਗ ਅਤੇ ਡਿਸਬਰਸਿੰਗ ਅਫਸਰ ਸਬੰਧਤ ਖਜਾਨਾ ਅਫਸਰਾਂ ਨੂੰ ਬਿਲ ਭੇਜਦੇ ਸਮੇਂ ਇਹ ਤਸਦੀਕ ਕਰਨਗੇ ਕਿ ਇਨ੍ਹਾਂ ਬਿਲਾਂ ਵਿੱਚ ਪ੍ਰਾਈਵੇਟ ਬਿਲਡਿੰਗਾਂ ਦਾ ਕਿਰਾਇਆ ਸ਼ਾਮਲ ਨਹੀਂ ਹੈ "**

2. ਇਸ ਪੱਤਰ ਰਾਹੀਂ ਸਪੱਸ਼ਟ ਕੀਤਾ ਜਾਦਾ ਹੈ ਕਿ ਆਪ ਜੀ ਵਲੋਂ ਵਿੱਤ ਵਿਭਾਗ ਨੂੰ ਸਾਲ 2017-18 ਦੇ ਸੋਧੇ ਅਨੁਮਾਨ ਅਤੇ ਸਾਲ 2018-19 ਦੇ ਬਜਟ ਅਨੁਮਾਨ ਸਬੰਧੀ ਭੇਜੀਆਂ ਜਾਣ ਵਾਲੀਆਂ ਤਜਵੀਜਾਂ ਵਿੱਚ ਇਹ ਸਰਟੀਫਿਕੇਟ ਦਿੱਤਾ ਜਾਵੇ ਕਿ ਇਸ ਤਜਵੀਜ ਵਿੱਚ ਕਿਸੇ ਵੀ ਪ੍ਰਾਈਵੇਟ ਬਿਲਡਿੰਗ ਦਾ ਕਿਰਾਇਆ ਸ਼ਾਮਿਲ ਨਹੀਂ ਹੈ। ਜੇਕਰ ਕਿਸੇ ਪ੍ਰਾਈਵੇਟ ਬਿਲਡਿੰਗ ਦਾ ਕਿਰਾਇਆ ਸ਼ਾਮਿਲ ਹੈ ਤਾਂ ਉਸ ਸਬੰਧੀ ਵਿੱਤ ਵਿਭਾਗ ਦੀ ਪ੍ਰਵਾਨਗੀ ਦਾ ਪੱਤਰ ਨੰ ਅਤੇ ਮਿਤੀ ਦਾ ਵਿਸ਼ੇਸ ਤੌਰ ਤੇ ਜਿਕਰ ਕੀਤਾ ਜਾਵੇ।

**ਬਜਟ ਅਫਸਰ** 25/1

ਇੱਕ ਉਤਾਰਾ ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

**ਬਜਟ ਅਫਸਰ** 25

ਸੇਵਾ ਵਿਖੇ,

ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਅੰ.ਵਿ.ਪੱ.ਨੰ 1/10/2016-1ਵਿ.ਬ1/77 ਮਿਤੀ , ਚੰਡੀਗੜ੍ਹ 25/1/1

ਇੱਕ ਉਤਾਰਾ ਪ੍ਰਮੁੱਖ ਸਕੱਤਰ ਵਿੱਤ, ਸਕੱਤਰ ਖਰਚਾ, ਵਿਸ਼ੇਸ ਸਕੱਤਰ ਵਿੱਤ, ਵਿਸ਼ੇਸ ਸਕੱਤਰ ਖਰਚਾ, ਵਧੀਕ ਸਕੱਤਰ ਵਿੱਤ ਅਤੇ ਆਮਦਨ ਕਰ ਸਲਾਹਕਾਰ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਬਜਟ ਅਫਸਰ

ਸੇਵਾ ਵਿਖ,

ਪ੍ਰਮੁੱਖ ਸਕੱਤਰ ਵਿੱਤ, ਵਿਸ਼ੇਸ ਸਕੱਤਰ ਵਿੱਤ, ਵਿਸ਼ੇਸ ਸਕੱਤਰ ਖਰਚਾ,
ਸਕੱਤਰ ਖਰਚਾ, ਵਧੀਕ ਸਕੱਤਰ ਵਿੱਤ ਅਤੇ ਆਮਦਨ ਕਰ ਸਲਾਹਕਾਰ।

ਅੰ.ਵਿ.ਪੱ.ਨੰ 1/10/2016-1ਵਿ.ਬ1/78 ਮਿਤੀ , ਚੰਡੀਗੜ੍ਹ 25/1/18

ਇੱਕ ਉਤਾਰਾ ਸਮੂਹ ਅਧੀਨ ਸਕੱਤਰ ਵਿੱਤ, ਸੁਪਰਡੰਟ, ਸਮੂਹ ਵਿੱਤ ਖਰਚਾ ਸ਼ਾਖਾਵਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਬਜਟ ਅਫਸਰ

ਸੇਵਾ ਵਿਖੇ,

1 ਸਮੂਹ ਅਧੀਨ ਸਕੱਤਰ ਵਿੱਤ।
2. ਸੁਪਰਡੰਟ, ਸਮੂਹ ਵਿੱਤ ਖਰਚਾ ਸ਼ਾਖਾਵਾਂ।

ਅੰ.ਵਿ.ਪੱ.ਨੰ 1/10/2016-1ਵਿ.ਬ1/79 ਮਿਤੀ , ਚੰਡੀਗੜ੍ਹ 25/1/18